**Series BQQPP/3**

**SET ~ 2**

**Q.P. Code 42/3/2**

Roll No.

| | | | | | | | |
|---|---|---|---|---|---|---|---|
| | | | | | | | |

Candidates must write the Q.P. Code on the title page of the answer-book.

| ਨੋਟ / **NOTE :** | |
|---|---|
| (i) | ਕਿਰਪਾ ਕਰਕੇ ਜਾਂਚ ਕਰ ਲਵੋ ਕਿ ਇਸ ਪ੍ਰਸ਼ਨ ਪੱਤਰ ਵਿਚ ਛਪੇ ਹੋਏ **7** ਪੰਨੇ + **1** ਮਾਨਚਿੱਤਰ ਹਨ । Please check that this question paper contains **7** printed pages + **1** Map. |
| (ii) | ਪ੍ਰਸ਼ਨ ਪੱਤਰ ਵਿਚ ਸੱਜੇ ਹੱਥ ਦੇ ਵਲ ਦਿੱਤੇ ਗਏ ਪ੍ਰਸ਼ਨ ਪੱਤਰ ਕੋਡ ਨੂੰ ਪ੍ਰੀਖਿਆਰਥੀ ਉੱਤਰ ਪੁਸਤਿਕਾ ਦੇ ਮੁੱਖ ਪੰਨੇ ਉਪਰ ਲਿਖਣ । Q.P. Code given on the right hand side of the question paper should be written on the title page of the answer-book by the candidate. |
| (iii) | ਕਿਰਪਾ ਕਰਕੇ ਜਾਂਚ ਕਰ ਲਵੋ ਕਿ ਇਸ ਪ੍ਰਸ਼ਨ ਪੱਤਰ ਵਿਚ **13** ਪ੍ਰਸ਼ਨ ਹਨ । Please check that this question paper contains **13** questions. |
| (iv) | **ਕਿਰਪਾ ਕਰਕੇ ਪ੍ਰਸ਼ਨ ਦਾ ਉੱਤਰ ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ, ਉੱਤਰ ਪੁਸਤਿਕਾ ਵਿਚ ਪ੍ਰਸ਼ਨ ਦਾ ਕ੍ਰਮਾਂਕ (ਸੀਰਿਅਲ ਨੰਬਰ) ਜ਼ਰੂਰ ਲਿੱਖੋ । Please write down the serial number of the question in the answer-book before attempting it.** |
| (v) | ਇਸ ਪ੍ਰਸ਼ਨ ਪੱਤਰ ਨੂੰ ਪੜ੍ਹਨ ਦੇ ਲਈ 15 ਮਿੰਟ ਦਾ ਸਮਾਂ ਦਿੱਤਾ ਗਿਆ ਹੈ । ਪ੍ਰਸ਼ਨ ਪੱਤਰ ਸਵੇਰੇ 10.15 ਵਜੇ ਵੰਡੇ ਜਾਣਗੇ । 10.15 ਵਜੇ ਤੋਂ 10.30 ਵਜੇ ਤਕ ਪ੍ਰੀਖਿਆਰਥੀ ਕੇਵਲ ਪ੍ਰਸ਼ਨ ਪੱਤਰ ਨੂੰ ਪੜ੍ਹਨਗੇ ਅਤੇ ਇਸ ਸਮੇ ਵਿਚ ਉਹ ਉੱਤਰ ਪੁਸਤਿਕਾ ਵਿਚ ਕੋਈ ਉੱਤਰ ਨਹੀਂ ਲਿਖਣਗੇ । 15 minute time has been allotted to read this question paper. The question paper will be distributed at 10.15 a.m. From 10.15 a.m. to 10.30 a.m., the students will read the question paper only and will not write any answer on the answer-book during this period. |

# ਸਮਾਜਿਕ ਵਿਗਿਆਨ

## (ਪੰਜਾਬੀ ਉਲਥਾ)

# SOCIAL SCIENCE

## (Punjabi Version)

*ਸਮਾਂ ਸੀਮਾਂ : 2 ਘੰਟੇ* | *ਪੂਰਨ ਅੰਕ : 40*

*Time allowed : 2 hours* | *Maximum Marks : 40*

*ਵਿਆਪਕ ਨਿਰਦੇਸ਼ :*

*ਹੇਠ ਲਿਖੇ ਨਿਰਦੇਸ਼ਾਂ ਨੂੰ ਬਹੁਤ ਧਿਆਨ ਨਾਲ ਪੜ੍ਹੋ ਅਤੇ ਉਨ੍ਹਾਂ ਦੀ ਸਖਤੀ ਨਾਲ ਪਾਲਨ ਕਰੋ :*

*(i)* *ਇਹ ਪ੍ਰਸ਼ਨ ਪੱਤਰ* ***ਪੰਜ*** *ਖੰਡਾਂ ਵਿਚ ਵੰਡਿਆ ਹੋਇਆ ਹੈ –* ***ਖੰਡ ਕ, ਖ, ਗ, ਘ*** *ਅਤੇ* ***ਙ*** *। ਇਸ ਪ੍ਰਸ਼ਨ ਪੱਤਰ ਵਿਚ ਪ੍ਰਸ਼ਨਾਂ ਦੀ ਸੰਖਿਆ* ***13*** *ਹੈ ।* ***ਸਾਰੇ*** *ਪ੍ਰਸ਼ਨ ਜ਼ਰੂਰੀ ਹਨ ।*

*(ii)* ***ਖੰਡ ਕ*** *ਵਿਚ ਪ੍ਰਸ਼ਨ ਸੰਖਿਆ* ***1*** *ਤੋਂ* ***5*** *ਤਕ ਬਹੁਤ ਛੋਟੇ ਉੱਤਰ ਵਾਲੇ ਪ੍ਰਸ਼ਨ ਹਨ, ਹਰ ਇਕ ਪ੍ਰਸ਼ਨ* ***2*** *ਅੰਕ ਦਾ ਹੈ । ਹਰ ਇਕ ਪ੍ਰਸ਼ਨ ਦਾ ਉੱਤਰ* ***40*** *ਸ਼ਬਦਾਂ ਤੋਂ ਵਧ ਨਹੀਂ ਹੋਣਾ ਚਾਹਿਦਾ ।*

*(iii)* ***ਖੰਡ ਖ*** *ਵਿਚ ਪ੍ਰਸ਼ਨ ਸੰਖਿਆ* ***6*** *ਤੋਂ* ***8*** *ਤਕ ਛੋਟੇ ਉੱਤਰ ਵਾਲੇ ਪ੍ਰਸ਼ਨ ਹਨ, ਹਰ ਇਕ ਪ੍ਰਸ਼ਨ* ***3*** *ਅੰਕ ਦਾ ਹੈ । ਹਰ ਇਕ ਪ੍ਰਸ਼ਨ ਦਾ ਉੱਤਰ* ***80*** *ਸ਼ਬਦਾਂ ਤੋਂ ਵਧ ਨਹੀਂ ਹੋਣਾ ਚਾਹਿਦਾ ।*

*(iv)* ***ਖੰਡ ਗ*** *ਵਿਚ ਪ੍ਰਸ਼ਨ ਸੰਖਿਆ* ***9*** *ਅਤੇ* ***10*** *ਲੰਬੇ ਉੱਤਰ ਵਾਲੇ ਪ੍ਰਸ਼ਨ ਹਨ, ਹਰ ਇਕ ਪ੍ਰਸ਼ਨ* ***5*** *ਅੰਕ ਦਾ ਹੈ । ਹਰ ਇਕ ਪ੍ਰਸ਼ਨ ਦਾ ਉੱਤਰ* ***120*** *ਸ਼ਬਦਾਂ ਤੋਂ ਵਧ ਨਹੀਂ ਹੋਣਾ ਚਾਹਿਦਾ ।*

*(v)* ***ਖੰਡ ਘ*** *ਵਿਚ ਪ੍ਰਸ਼ਨ ਸੰਖਿਆ* ***11*** *ਅਤੇ* ***12*** *ਕੇਸ–ਅਧਾਰਿਤ ਪ੍ਰਸ਼ਨ ਹਨ, ਹਰ ਇਕ ਪ੍ਰਸ਼ਨ* ***4*** *ਅੰਕ ਦਾ ਹੈ ।*

*(vi)* ***ਖੰਡ ਙ*** *ਵਿਚ ਪ੍ਰਸ਼ਨ ਸੰਖਿਆ* ***13*** *ਮਾਨਚਿੱਤਰ–ਅਧਾਰਿਤ ਹੈ । ਇਹ ਪ੍ਰਸ਼ਨ* ***3*** *ਅੰਕ ਦਾ ਹੈ ਜਿਸਦੇ ਦੋ ਭਾਗ ਹਨ –* ***13(a)*** *ਇਤਿਹਾਸ ਤੋਂ* ***(1*** *ਅੰਕ)* *ਅਤੇ* ***13(b)*** *ਭੂਗੋਲ ਤੋਂ* ***(2*** *ਅੰਕ) ।*

*(vii)* *ਪ੍ਰਸ਼ਨ ਪੱਤਰ ਵਿਚ ਕੋਈ ਵਿਆਪਕ ਵਿਕਲਪ ਨਹੀਂ ਹੈ । ਹਾਲਾਂਕਿ, ਕੁਝ ਪ੍ਰਸ਼ਨਾਂ ਵਿਚ ਅੰਦਰੂਨੀ ਵਿਕਲਪ ਦਿਤੇ ਗਏ ਹਨ । ਅਜੇਹੇ ਪ੍ਰਸ਼ਨਾਂ ਵਿਚੋਂ* ***ਕੇਵਲ ਇਕ ਹੀ ਵਿਕਲਪ ਦਾ ਉੱਤਰ*** *ਲਿਖੋ ।*

*(viii)* ***ਮਾਨਚਿੱਤਰ*** *ਨੂੰ ਅਪਣੀ ਆਪਣੀ ਉੱਤਰ ਪੁਸਤਕ ਨਾਲ ਨੱਥੀ ਕਰੋ ।*

## ਖੰਡ ਕ

## (ਬਹੁਤ ਛੋਟੇ ਉੱਤਰ ਪ੍ਰਸ਼ਨ) *(5×2=10)*

**1.** ਪਹਿਲੇ ਵਿਸ਼ਵ ਯੁਧ ਦੇ ਭਾਰਤੀ ਅਰਥਵਿਵਸਥਾ ਉਪਰ ਪੈਣ ਵਾਲੇ ਕਿਸੇ ਦੋ ਪ੍ਰਭਾਵਾਂ ਦਾ ਵਰਣਨ ਕਰੋ । *2*

**2.** 'ਚੀਨੀ ਉਦਯੋਗ' ਦੇ ਸਾਹਮਣੇ ਕਿਸੇ ਦੋ ਮੁੱਖ ਚੁਣੌਤੀਆਂ ਦੀ ਪਰਖ ਕਰੋ । *2*

3. ਉਸ ਹਾਲਤ ਦਾ ਵਿਸ਼ਲੇਸ਼ਣ ਕਰੋ ਜਿਸ ਵਿਚ ਕਰਜ਼, ਕਰਜ਼ਾਈ ਨੂੰ ਅਜੇਹੇ ਹਾਲਾਤ ਵਿਚ ਧੱਕ ਦੇਂਦਾ ਹੈ, ਜਿਸ ਵਿਚੋਂ ਨਿਕਲਣਾ ਬਹੁਤ ਹੀ ਕਸ਼ਟਦਾਇਕ ਹੁੰਦਾ ਹੈ । *2*

4. ਇਕ ਇਕਸੁਰਤਾ ਵਾਲਾ ਸਮਾਜਿਕ ਜੀਵਨ ਪ੍ਰਾਪਤ ਕਰਨ ਦੇ ਲਈ ਲੋਕਤੰਤਰ ਨੂੰ ਕਿਹੜੀਆਂ ਦੋ ਸ਼ਰਤਾਂ ਪੂਰੀਆਂ ਕਰਨੀਆਂ ਹੋਣਗੀਆਂ ? ਵਰਣਨ ਕਰੋ । *2*

5. ਹੇਠ ਦਿਤੀ ਸਾਰਣੀ ਨੂੰ ਪੜ੍ਹੋ ਅਤੇ ਇਸਦੇ ਹੇਠ ਦਿਤੇ ਹੋਏ ਪ੍ਰਸ਼ਨਾਂ ਦੇ ਉੱਤਰ ਲਿਖੋ :

**ਭਾਰਤੀ ਰੇਲ ਜਾਲ**

| ਗੇਜ ਮੀਟਰ ਵਿਚ | ਰੂਟ (ਕਿ.ਮੀ.) | ਚਾਲੂ ਮਾਰਗ (ਕਿ.ਮੀ.) | ਕੁਲ ਮਾਰਗ (ਕਿ.ਮੀ.) |
|---|---|---|---|
| ਵਡੀ ਲਾਇਨ (1.676) | 63,491 | 89,521 | 1,17,560 |
| ਮੀਟਰ ਲਾਇਨ (1.000) | 3,200 | 3,462 | 3,775 |
| ਛੋਟੀ ਲਾਇਨ (0.762 ਅਤੇ 0.610) | 1,751 | 1,752 | 1,901 |
| **ਕੁਲ** | **68,442** | **94,735** | **1,23,236** |

(5.1) ਭਾਰਤ ਵਿਚ ਪਹਾੜੀ ਖੇਤਰਾਂ ਵਿਚ ਕਿਸ ਗੇਜ ਮਾਰਗ (ਲਾਇਨ) ਦੀ ਲੰਬਾਈ ਸਭ ਤੋਂ ਜ਼ਿਆਦਾ ਹੈ ? *1*

(5.2) ਭਾਰਤ ਵਿਚ ਕਿਸ ਗੇਜ (ਲਾਇਨ) ਦੀ ਲੰਬਾਈ ਸਭ ਤੋਂ ਜ਼ਿਆਦਾ ਹੈ ? *1*

## ਖੰਡ ਖ

## (ਛੋਟੇ ਉੱਤਰ ਪ੍ਰਸ਼ਨ) *(3×3=9)*

6. ''ਲੋਕਤੰਤਰ ਦੀ ਆਪਣੇ ਲਈ ਹਮਾਇਤ ਪੈਦਾ ਕਰਨ ਦੀ ਸਮਰੱਥਾ ਹੀ ਆਪਣੇ ਆਪ ਵਿਚ ਇਕ ਨਤੀਜਾ ਹੈ ਜਿਸ ਨੂੰ ਅਣਦੇਖਿਆ ਨਹੀਂ ਕੀਤਾ ਜਾ ਸਕਦਾ ।'' ਇਸ ਕਥਨ ਦਾ ਤਿੰਨ ਉਦਾਹਰਣਾਂ ਸਹਿਤ ਵਿਸਲੇਸ਼ਣ ਕਰੋ । *3*

7. "ਮਹਾਤਮਾ ਗਾਂਧੀ ਨੇ ਖਿਲਾਫਤ ਅੰਦੋਲਨ ਨਾਲ ਜੁੜ ਕੇ ਭਾਰਤ ਵਿਚ ਵਧੇਰੇ ਵਿਆਪਕ ਅਧਾਰ ਵਾਲਾ ਅੰਦੋਲਨ ਚਲਾਇਆ ।" ਅਸਹਿਯੋਗ ਅੰਦੋਲਨ ਦੇ ਸੰਦਰਭ ਵਿਚ ਇਸ ਕਥਨ ਦੀ ਵਿਆਖਿਆ ਕਿਸੇ ਤਿੰਨ ਦਲੀਲਾਂ ਤੋਂ ਕਰੋ । *3*

8. (a) ਵਿਸ਼ਵ ਵਪਾਰ ਸੰਗਠਨ ਵਿਚ ਵਿਕਾਸਸ਼ੀਲ ਦੇਸ਼ਾਂ ਦੇ ਲਈ ਹੋਈ ਬਹਸ ਦੀ ਪਰਖ ਕਰੋ । *3*

**ਜਾਂ**

(b) ਭਾਰਤ ਵਿਚ ਵਿਦੇਸ਼ੀ ਕੰਪਨੀਆਂ ਨੂੰ ਨਿਵੇਸ਼ ਕਰਨ ਦੇ ਲਈ ਉਤਸਾਹਿਤ ਕਰਨ ਦੇ ਲਈ ਕੇਂਦਰ ਅਤੇ ਰਾਜ ਸਰਕਾਰਾਂ ਰਾਹੀਂ ਚੁੱਕੇ ਗਏ ਕਦਮਾਂ ਦਾ ਪਰੀਖਣ ਕਰੋ । *3*

## ਖੰਡ ਗ

## (ਲੰਬੇ ਉੱਤਰ ਪ੍ਰਸ਼ਨ) *(2×5=10)*

9. (a) "ਸੰਸਾਰ ਭਰ ਦੀਆਂ ਲੋਕਤੰਤਰਾਂ ਵਿਵਸਥਾਵਾਂ ਵਿਚ ਰਾਜਨੀਤਿਕ ਦਲ ਸਰਵਵਿਆਪੀ ਹੋ ਗਏ ਹਨ ।" ਉਦਾਹਰਣ ਸਹਿਤ ਕਥਨ ਦੀ ਵਿਆਖਿਆ ਕਰੋ । *1×5=5*

**ਜਾਂ**

(b) "ਭਾਰਤ ਵਿਚ ਰਾਜਨੀਤਿਕ ਦਲਾਂ ਨੂੰ ਮਜ਼ਬੂਤ ਕਰਨ ਦੇ ਲਈ ਕਈ ਸੁਧਾਰ ਕੀਤੇ ਗਏ ਹਨ, ਤਾਂ ਕਿ ਉਹ ਆਪਣੇ ਕੰਮਾਂ ਨੂੰ ਚੰਗੀ ਤਰਾਂ ਨਾਲ ਕਰ ਸਕਣ ।" ਉਦਾਹਰਣ ਸਹਿਤ ਕਥਨ ਦੀ ਵਿਆਖਿਆ ਕਰੋ । *1×5=5*

10. (a) ਵਿਕਾਸ ਦੇ ਲਈ ਰਿਣ (ਉਧਾਰ) ਦੀ ਭੂਮਿਕਾ ਨੂੰ ਉਦਾਹਰਣ ਸਹਿਤ ਸਪਸ਼ਟ ਕਰੋ । *1×5=5*

**ਜਾਂ**

(b) ਸਾਖ (ਰਿਣ) ਦੇ ਉਪਚਾਰਿਕ ਸਰੋਤ ਕਿਸ ਤਰਾਂ ਅਨੌਪਚਾਰਿਕ ਸਰੋਤਾਂ ਨਾਲੋਂ ਵੱਖ ਹਨ ? ਉਦਾਹਰਣ ਸਹਿਤ ਸਪਸ਼ਟ ਕਰੋ । *1×5=5*

## ਖੰਡ ਘ

## (ਕੇਸ–ਅਧਾਰਿਤ ਪ੍ਰਸ਼ਨ)

*(2×4=8)*

**11.** ਹੇਠ ਦਿੱਤੇ ਗਏ ਕੇਸ ਨੂੰ ਧਿਆਨ ਨਾਲ ਪੜ੍ਹੋ ਅਤੇ ਉਸਦੇ ਹੇਠ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿੱਖੋ : *4*

**ਰਾਸ਼ਟਰੀ ਤਾਪ ਬਿਜਲੀਘਰ ਕਾਰਪੋਰੇਸ਼ਨ (NTPC) ਰਾਹੀਂ ਦਿਖਾਇਆ ਗਿਆ ਰਾਹ**

ਭਾਰਤ ਵਿਚ ਰਾਸ਼ਟਰੀ ਤਾਪ ਬਿਜਲੀਘਰ ਕਾਰਪੋਰੇਸ਼ਨ (NTPC) ਬਿਜਲੀ ਦੇਣ ਲਈ ਮੁਖ ਨਿਗਮ (ਕਾਰਪੋਰੇਸ਼ਨ) ਹੈ । ਇਸਦੇ ਕੋਲ ਵਾਤਾਵਰਨ ਪ੍ਰਬੰਧਨ ਸਿਸਟਮ (EMS) 14001 ਦੇ ਲਈ ਆਈ.ਐਸ.ਓ. (ISO) ਪ੍ਰਮਾਣ ਪਤਰ ਹੈ । ਇਹ ਨਿਗਮ ਕੁਦਰਤੀ ਵਾਤਾਵਰਨ ਅਤੇ ਸੰਸਾਧਨ ਜਿਵੇਂ ਕਿ ਪਾਣੀ, ਖਾਣ ਦੇ ਤੇਲ, ਗੈਸ ਅਤੇ ਈਂਧਨ (ਬਾਲਣ) ਸੁਰਖਿਅਣ ਨੀਤੀ ਦਾ ਸਮਰਥਕ ਹੈ ਅਤੇ ਇਨ੍ਹਾਂ ਨੂੰ ਧਿਆਨ ਵਿਚ ਰਖਕੇ ਹੀ ਬਿਜਲੀ ਦੇ ਪਲਾਂਟਸ ਬਣਾਂਦਾ ਹੈ ।

ਅਜੇਹਾ ਹੇਠ ਲਿਖੇ ਉਪਾ ਕਰਕੇ ਹੀ ਸੰਭਵ ਹੈ :

(a) ਆਧੁਨਿਕ ਤਕਨੀਕਾਂ ਉਪਰ ਅਧਾਰਿਤ ਉਪਕਰਣਾਂ ਦੀ ਸਹੀ ਵਰਤੋਂ ਕਰਕੇ ਅਤੇ ਮੌਜੂਦ ਉਪਕਰਣਾਂ ਵਿਚ ਸੁਧਾਰ ਕਰਕੇ ।

(b) ਵਧ ਤੋਂ ਵਧ ਰਾਖ ਦੀ ਵਰਤੋਂ ਕਰਕੇ ਵਾਧੂ ਪਦਾਰਥ ਦੀ ਘਟੋਂ ਘਟ ਪੈਦਾਵਾਰ ਕਰਨਾ ।

(c) ਪਰਿਆਵਰਨਕ ਸੰਤੁਲਨ ਬਣਾਈ ਰਖਣ ਦੇ ਲਈ ਹਰਿਆਲੇ ਖੇਤਰ ਦੀ ਸੁਰਖਿਆ ਅਤੇ ਜੰਗਲ ਬਨਾਉਣ ਦੇ ਲਈ ਪ੍ਰੇਰਿਤ ਕਰਨਾ ।

(d) ਤਰਲ ਵਾਧੁ ਪਦਾਰਥਾਂ ਦਾ ਪ੍ਰਬੰਧਨ, ਰਾਖ ਮਿਲਿਆ ਪਾਣੀ ਦਾ ਮੁੜ ਵਰਤਣ ਯੋਗ ਬਨਾਣਾ ਅਤੇ ਰਾਖ–ਸੰਗ੍ਰਹਿ (Ash pond) ਪ੍ਰਬੰਧਨ ਰਾਹੀਂ ਵਾਤਾਵਰਨ ਪ੍ਰਦੂਸ਼ਣ ਨੂੰ ਘਟ ਕਰਨਾ ।

(e) ਸਾਰੀਆਂ ਊਰਜਾ ਸੰਯੰਤਰਾਂ ਦਾ ਪਰਿਆਵਰਨਕ ਰੂਪ ਨਾਲ ਮਾੱਨੀਟਰ, ਸਮੀਖਿਆ ਕਰਨਾ ਅਤੇ ਆਨਲਾਇਨ ਅੰਕੜਿਆ ਦਾ ਪ੍ਰਬੰਧਨ ਕਰਨਾ ।

(11.1) 'ਨਿਰੰਤਰ ਪੋਸਨੀ ਵਿਕਾਸ' ਨੂੰ ਪਰਿਭਾਸ਼ਿਤ ਕਰੋ । *1*

(11.2) ਆਈ.ਐਸ.ਓ. (ISO) ਪ੍ਰਮਾਣ ਦੇ ਪਿਛੇ ਕੀ ਵਿਚਾਰ ਹੈ ? *1*

(11.3) ਰਾਸ਼ਟਰੀ ਤਾਪ ਬਿਜਲੀਘਰ ਕਾਰਪੋਰੇਸ਼ਨ (NTPC) ਦੇ ਸਚੇਤਨ ਨਜਰੀਏ ਦੀ ਪਰਖ ਕਰੋ । *2*

**12.** ਹੇਠ ਦਿੱਤੇ ਗਏ ਕੇਸ ਨੂੰ ਧਿਆਨ ਨਾਲ ਪੜ੍ਹੋ ਅਤੇ ਉਸਦੇ ਹੇਠ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿੱਖੋ : *4*

**ਸਮੂਹਕ ਅਪਣੇਪਨ ਦੀ ਭਾਵਨਾ**

ਸਮੂਹਕ ਅਪਣੇਪਨ ਦੀ ਇਹ ਭਾਵਨਾ ਕੁਛ ਕੁ ਸਾਂਝੇ ਸੰਘਰਸ਼ਾਂ ਦੇ ਚਲਦੇ ਹੋਏ ਪੈਦਾ ਹੋਈ ਸੀ । ਇਨ੍ਹਾਂ ਤੋਂ ਇਲਾਵਾ ਬਹੁਤ ਸਾਰੀਆਂ ਸਭਿਆਚਾਰਕ ਪ੍ਰਕਿਆਰਾਵਾਂ ਵੀ ਸਨ ਜਿਨ੍ਹਾਂ ਦੇ ਜਰੀਏ ਰਾਸ਼ਟਰਵਾਦ ਲੋਕਾਂ ਦੀ ਕਲਪਨਾ ਅਤੇ ਦਿਲੋਦਿਮਾਗ ਉਪਰ ਛਾ ਗਿਆ ਸੀ । ਇਤਿਹਾਸ ਅਤੇ ਸਾਹਿਤ, ਲੋਕ ਕਥਾਵਾਂ ਅਤੇ ਗੀਤ, ਚਿਤਰ ਅਤੇ ਪ੍ਰਤੀਕ, ਸਾਰਿਆਂ ਨੇ ਰਾਸ਼ਟਰਵਾਦ ਨੂੰ ਸਾਕਾਰ ਕਰਨ ਵਿਚ ਆਪਣਾ ਹਿਸਾ ਪਾਇਆ ਸੀ ।

ਜਿਵੇਂ ਕਿ ਤੁਸੀ ਜਾਣਦੇ ਹੋ, ਰਾਸ਼ਟਰ ਦੀ ਪਛਾਣ ਸਭ ਤੋਂ ਜ਼ਿਆਦਾ ਕਿਸੇ ਮੂਰਤ (ਤਸਵੀਰ) ਵਿਚ ਦਰਸਾਈ ਜਾਂਦੀ ਹੈ । ਇਸ ਨਾਲ ਲੋਕਾਂ ਨੂੰ ਇਕ ਅਜੇਹੇ ਮੂਰਤ (ਤਸਵੀਰ) ਬਣਨ ਵਿਚ ਮਦਦ ਮਿਲਦੀ ਹੈ ਜਿਸ ਦੇ ਜ਼ਰੀਏ ਉਹ ਰਾਸ਼ਟਰ ਨੂੰ ਪਛਾਣ ਸਕਦੇ ਹਨ । ਵੀਹਵੀਂ ਸਦੀ ਵਿਚ ਰਾਸ਼ਟਰਵਾਦ ਦੇ ਵਿਕਾਸ ਦੇ ਨਾਲ ਭਾਰਤ ਦੀ ਪਛਾਣ ਵੀ ਭਾਰਤ ਮਾਤਾ ਦੀ ਮੂਰਤ (ਤਸਵੀਰ) ਦਾ ਰੂਪ ਲੈਣ ਲੱਗੀ । ਇਸ ਮੂਰਤ (ਤਸਵੀਰ) ਦੇ ਨਿਰਮਾਣ ਦਾ ਅਰੰਭ ਬੰਕਿਮ ਚੰਦਰ ਚੱਟੋਪਧਾਏ ਨੇ ਕੀਤਾ ਸੀ । 1870 ਦੇ ਦਹਾਕੇ ਵਿਚ ਉਨ੍ਹਾਂ ਨੇ ਮਾਤ-ਭੂਮੀ ਦੀ ਉਸਤਤ ਵਿਚ 'ਵੰਦੇ ਮਾਤਰਮ' ਗੀਤ ਲਿਖਿਆ ਸੀ । ਬਾਦ ਵਿਚ ਇਸਨੂੰ ਉਨ੍ਹਾਂ ਨੇ ਆਪਣੇ ਉਪਨਿਆਸ (ਨਾਵਲ) *ਆਨੰਦਮੱਠ* ਵਿਚ ਸ਼ਾਮਲ ਕਰ ਲਿਆ । ਇਹ ਗੀਤ ਬੰਗਾਲ ਵਿਚ ਸਵਦੇਸ਼ੀ ਅੰਦੋਲਨ ਵਿਚ ਖੂਬ ਗਾਇਆ ਗਿਆ । ਸਵਦੇਸ਼ੀ ਅੰਦੋਲਨ ਦੀ ਪ੍ਰੇਰਨਾ ਨਾਲ ਅਬਨੀਂਦਰਨਾਥ ਟੈਗੋਰ ਨੇ ਭਾਰਤ ਮਾਤਾ ਦੀ ਮਸ਼ਹੂਰ ਆਕਿਰਤੀ ਨੂੰ ਚਿਤਰਤ ਕੀਤਾ । ਇਸ ਪੇਂਟਿੰਗ ਵਿਚ ਭਾਰਤ ਮਾਤਾ ਨੂੰ ਇਕ ਸੰਨਿਆਸਨੀ ਦੇ ਰੂਪ ਵਿਚ ਦਰਸਾਇਆ ਗਿਆ ਹੈ । ਉਹ ਸ਼ਾਂਤ, ਗੰਭੀਰ, ਦੈਵੀ ਅਤੇ ਅਧਿਆਤਮਿਕ (ਰੱਬੀ) ਗੁਣਾਂ ਦੀ ਭਰੀ ਦਿਖਾਈ ਦੇਂਦੀ ਹੈ । ਇਸ ਤੋਂ ਅੱਗੇ, ਜਦੋਂ ਇਸ ਆਕਿਰਤੀ ਨੂੰ ਵੱਡੀ ਗਿਣਤੀ ਵਿਚ ਤਸਵੀਰਾਂ ਵਿਚ ਉਤਾਰਿਆ ਜਾਣ ਲਗਾ ਅਤੇ ਵਖੋ ਵਖ ਕਲਾਕਾਰ ਇਹ ਤਸਵੀਰ ਬਨਾਣ ਲਗੇ ਤਾਂ ਭਾਰਤ ਮਾਤਾ ਦੀ ਆਕਿਰਤੀ ਕਈ ਵਖੋ ਵਖਰੇ ਰੂਪ ਗ੍ਰਹਿਣ ਕਰਦੀ ਗਈ । ਇਸ ਮਾਤਾ ਆਕਿਰਤੀ ਦੇ ਵਲ ਸ਼ਰਧਾ ਨੂੰ ਰਾਸ਼ਟਰਵਾਦ ਵਿਚ ਆਸਥਾ ਦਾ ਪ੍ਰਤੀਕ ਮੰਨਿਆ ਜਾਣ ਲੱਗਾ ।

(12.1) 'ਰਾਸ਼ਟਰ' ਲੋਕਾਂ ਦੇ ਦਿਮਾਗ ਵਿਚ ਇਕ ਯਥਾਰਥ ਰੂਪ ਕਿਵੇਂ ਬਣਿਆ ? *1*

(12.2) ਰਾਸ਼ਟਰਵਾਦ ਨੇ ਲੋਕਾਂ ਦੀਆਂ ਕਲਪਨਾਵਾਂ ਵਿਚ ਕਿਹੋ ਜਿਹਾ ਰੂਪ ਲਿਆ ? *1*

(12.3) ਵੱਖੋ ਵੱਖ ਸਮੂਹਾਂ ਦੇ ਲੋਕਾਂ ਵਿਚ ਸਮੂਹਕ ਅਪਣੇਪਨ ਦਾ ਭਾਵ ਕਿਵੇਂ ਵਿਕਸਿਤ ਹੋਇਆ ? *2*

## ਖੰਡ ਙ

## (ਮਾਨਚਿੱਤਰ–ਅਧਾਰਿਤ ਪ੍ਰਸ਼ਨ) *(1+2=3)*

**13.** (i) ਦਿਤੇ ਗਏ **ਭਾਰਤ** ਦੇ ਰਾਜਨੀਤਕ ਰੇਖਾ ਮਾਨਚਿੱਤਰ (ਪੰਨਾ 9 ਤੇ) ਉਪਰ ਹੇਠ ਲਿਖੀ ਜਾਣਕਾਰੀ ਦੀ ਮਦਦ ਨਾਲ 'A' ਦੇ ਰੂਪ ਵਿਚ ਨਿਸ਼ਾਨ ਲਗਾਏ ਗਏ ਸਥਾਨ ਦੀ ਪਛਾਣ ਕਰੋ ਅਤੇ ਉਸ ਦੇ ਨਜ਼ਦੀਕ ਖਿਚੀ ਲਕੀਰ (ਰੇਖਾ) ਉਪਰ ਉਸਦਾ ਸਹੀ ਨਾਮ ਲਿਖੋ ।

A. ਉਹ ਸਥਾਨ ਜਿਥੇ ਜਲਿਆਂਵਾਲਾ ਬਾਗ ਹਤਿਆਕਾਂਡ ਹੋਇਆ ਸੀ । *1*

(ii) ਦਿਤੇ ਗਏ **ਭਾਰਤ** ਦੇ ਇਸ ਹੀ ਰੇਖਾ ਮਾਨਚਿੱਤਰ ਤੇ ਹੇਠ ਲਿਖਿਆਂ ਨੂੰ ਅੰਕਿਤ ਕਰੋ ਅਤੇ ਉਸਦਾ ਨਾਮ ਲਿਖੋ ।

(a) (I) ਸਿੰਗਰੋਲੀ ਤਾਪ ਉਰਜਾ ਸੰਯੰਤਰ (ਪਲਾਂਟ) *1*

**ਜਾਂ**

(II) ਮੁੰਬਈ ਸਾਫਟਵੇਯਰ ਟੇਕਨੋਲੋਜੀ ਪਾਰਕ *1*

(b) ਕੋਲਕਾਤਾ (ਨੇਤਾਜੀ ਸੁਭਾਸ਼ ਚੰਦਰ ਬੋਸ) ਅੰਤਰਰਾਸ਼ਟਰੀ ਹਵਾਈ ਅੱਡਾ *1*

**ਨੋਟ:** *ਹੇਠ ਲਿਖੇ ਪ੍ਰਸ਼ਨ ਸਿਰਫ **ਦਰਿਸ਼ਟੀਵਿਕਲਾਂਗ ਪ੍ਰੀਖਿਆਰਥੀਆਂ** ਦੇ ਲਈ ਪ੍ਰਸ਼ਨ ਸੰਖਿਆ 13 ਦੇ ਥਾਂ ਬਦਲਵੇਂ ਪ੍ਰਸ਼ਨ ਹਨ ।* *3×1=3*

(13.1) ਉਸ ਰਾਜ ਦਾ ਨਾਮ ਲਿਖੋ ਜਿਥੇ ਜਲਿਆਂਵਾਲਾ ਬਾਗ ਹਤਿਆਕਾਂਡ ਹੋਇਆ ਸੀ । *1*

(13.2) (a) ਉਸ ਰਾਜ ਦਾ ਨਾਮ ਲਿਖੋ ਜਿਥੇ ਸਿੰਗਰੋਲੀ ਤਾਪੀ ਊਰਜਾ ਸੰਯੰਤਰ (ਪਲਾਂਟ) ਸਥਿਤ ਹੈ । *1*

**ਜਾਂ**

(b) ਉਸ ਰਾਜ ਦਾ ਨਾਮ ਲਿਖੋ ਜਿਥੇ ਮੁੰਬਈ ਸਾਫਟਵੇਯਰ ਟੇਕਨੋਲੋਜੀ ਪਾਰਕ ਸਥਿਤ ਹੈ । *1*

(13.3) ਉਸ ਰਾਜ ਦਾ ਨਾਮ ਲਿਖੋ ਜਿਥੇ ਕੋਲਕਾਤਾ (ਨੇਤਾਜੀ ਸੁਭਾਸ਼ ਚੰਦਰ ਬੋਸ) ਅੰਤਰਰਾਸ਼ਟਰੀ ਹਵਾਈ ਅੱਡਾ ਸਥਿਤ ਹੈ । *1*

**ਪ੍ਰਸ਼ਨ ਸੰ. 13 ਦੇ ਲਈ**



ਭਾਰਤ ਦਾ ਰੇਖਾ ਮਾਨਚਿੱਤਰ (ਰਾਜਨੀਤਕ)
Outline Map of India (Political)
A
km
Scale 1:15000,000
km
100 50 0
100
200
300
400
500